WORKSAFEBC | ਨਿਊਜ਼ ਰਿਲੀਜ਼

# ਵਰਕਸੇਫਬੀਸੀ: ਨਵੇਂ ਆਉਣ ਵਾਲਿਆਂ ਲਈ ਕੰਮ ਵਾਲੀ ਥਾਂ 'ਤੇ ਸੁਰੱਖਿਆ — ਪਹਿਲੇ ਦਿਨ ਤੋਂ ਹੀ ਆਪਣੇ ਅਧਿਕਾਰਾਂ ਨੂੰ ਜਾਣੋ

**ਰਿਚਮੰਡ, ਬੀ.ਸੀ. (27 ਮਾਰਚ, 2025)** — ਵਰਕਸੇਫਬੀਸੀ ਬ੍ਰਿਟਿਸ਼ ਕੋਲੰਬੀਆ ਵਿੱਚ ਨਵੇਂ ਆਉਣ ਵਾਲਿਆਂ ਨੂੰ ਇਹ ਦੱਸਣ ਲਈ ਜਾਗਰੂਕਤਾ ਮੁਹਿੰਮ ਸ਼ੁਰੂ ਕਰ ਰਿਹਾ ਹੈ ਕਿ ਸਾਰੇ ਵਰਕਰਾਂ ਨੂੰ ਨੌਕਰੀ ਦੇ ਪਹਿਲੇ ਦਿਨ ਤੋਂ ਹੀ ਅਧਿਕਾਰ ਹੈ ਕਿ ਉਨ੍ਹਾਂ ਦੀ ਕੰਮ ਵਾਲੀ ਥਾਂ ਉਨ੍ਹਾਂ ਲਈ ਸੁਰੱਖਿਅਤ ਅਤੇ ਸਿਹਤਮੰਦ ਹੋਵੇ ਅਤੇ ਉਹਨਾਂ ਦੀ ਇਮੀਗ੍ਰੇਸ਼ਨ ਸਥਿਤੀ (ਸਟੇਟਸ) ਜਾਂ ਕੰਮ ਦੀ ਮਿਆਦ (ਟਰਮ) ਕੋਈ ਵੀ ਹੋਵੇ, ਉਨ੍ਹਾਂ ਨੂੰ ਵਰਕਸੇਫਬੀਸੀ ਦੀ ਇਨਸ਼ੋਰੈਂਸ ਦੁਆਰਾ ਕਵਰ ਕੀਤਾ ਜਾਂਦਾ ਹੈ।

ਵਰਕਸੇਫਬੀਸੀ ਦੀ ਹਾਲੀਆ ਖੋਜ ਦੱਸਦੀ ਹੈ ਕਿ ਕੈਨੇਡਾ ਵਿੱਚ ਪੰਜ ਸਾਲ ਜਾਂ ਇਸ ਤੋਂ ਘੱਟ ਸਮੇਂ ਤੋਂ ਰਹਿ ਰਹੇ ਵਰਕਰਾਂ ਵਿੱਚ ਕੰਮ ਵਾਲੀ ਥਾਂ ਦੀ ਸਿਹਤ ਅਤੇ ਸੁਰੱਖਿਆ ਦੀ ਹਾਲਤ ਬਾਰੇ ਬੋਲਣ ਦੀ ਸੰਭਾਵਨਾ ਬਹੁਤ ਘੱਟ ਹੁੰਦੀ ਹੈ ਅਤੇ ਉਹ ਕੈਨੇਡਾ ਵਿੱਚ ਪੈਦਾ ਹੋਏ ਵਰਕਰਾਂ ਦੇ ਮੁਕਾਬਲੇ ਨੌਕਰੀ 'ਤੇ ਜ਼ਖਮੀ ਹੋਣ 'ਤੇ ਕਲੇਮ ਦਾਇਰ ਕਰਨ ਦੇ ਆਪਣੇ ਅਧਿਕਾਰ ਬਾਰੇ ਘੱਟ ਜਾਣੂ ਹੁੰਦੇ ਹਨ।

ਵਰਕਸੇਫਬੀਸੀ ਦੀ ਖੋਜ ਅਨੁਸਾਰ 50 ਪ੍ਰਤੀਸ਼ਤ ਪੰਜਾਬੀ ਬੋਲਣ ਵਾਲੇ ਵਰਕਰਾਂ ਨੇ ਮਹਿਸੂਸ ਕੀਤਾ ਕਿ ਉਨ੍ਹਾਂ ਨੂੰ ਆਪਣੀ ਨੌਕਰੀ 'ਤੇ ਟਿਕੇ ਰਹਿਣ ਲਈ ਸਿਹਤ ਅਤੇ ਸੁਰੱਖਿਆ ਦੇ ਖਤਰਿਆਂ ਨੂੰ ਸਹਿਣਾ ਪਿਆ, ਅਤੇ 36 ਪ੍ਰਤੀਸ਼ਤ ਨੂੰ ਡਰ ਸੀ ਕਿ ਅਸੁਰੱਖਿਅਤ ਹਾਲਤਾਂ ਬਾਰੇ ਬੋਲਣ ਨਾਲ ਉਨ੍ਹਾਂ ਦੀ ਸ਼ਾਖ ਨੂੰ ਨੁਕਸਾਨ ਪਹੁੰਚ ਸਕਦਾ ਸੀ।

ਵਰਕਸੇਫਬੀਸੀ ਵਿਖੇ ਪ੍ਰੀਵੈਂਸ਼ਨ ਫੀਲਡ ਸਰਵਿਸਿਜ਼ ਦੇ ਮੈਨੇਜਰ ਸੰਦੀਪ ਮਾਂਗਟ ਕਹਿੰਦੇ ਹਨ, "ਵਰਕਸੇਫਬੀਸੀ ਮਹੱਤਵਪੂਰਨ ਸੁਨੇਹੇ ਬਾਰੇ ਤਾਕੀਦ ਕਰਨ ਲਈ ਨਵੇਂ ਆਉਣ ਵਾਲਿਆਂ ਤੱਕ ਪਹੁੰਚ ਕਰ ਰਿਹਾ ਹੈ: ਇਹ ਤੁਹਾਡਾ ਅਧਿਕਾਰ ਹੈ ਕਿ ਤੁਹਾਡੇ ਕੰਮ ਵਾਲੀ ਥਾਂ ਤੁਹਾਡੇ ਲਈ ਸੁਰੱਖਿਅਤ ਅਤੇ ਸਿਹਤਮੰਦ ਹੋਵੇ।" "ਅਤੇ ਜੇਕਰ ਤੁਹਾਡਾ ਕੰਮ ਅਸੁਰੱਖਿਅਤ ਹੈ, ਤਾਂ ਤੁਹਾਨੂੰ ਬਦਲੇ 'ਚ ਕੋਈ ਕਾਰਵਾਈ ਹੋਣ ਜਾਂ ਨੌਕਰੀ ਖੁੱਸਣ ਦੇ ਡਰ ਤੋਂ ਬਿਨਾਂ ਕੰਮ ਤੋਂ ਇਨਕਾਰ ਕਰਨ ਦਾ ਕਾਨੂੰਨੀ ਅਧਿਕਾਰ ਹੈ।"

### ਵਰਕਰ ਦੇ ਹੱਕ

ਵਰਕਰਾਂ ਨੂੰ ਆਪਣੇ ਕੰਮ ਵਾਲੀ ਥਾਂ 'ਤੇ ਖਤਰਿਆਂ ਬਾਰੇ ਜਾਣਨ ਦਾ ਅਧਿਕਾਰ ਹੈ ਅਤੇ ਕੰਮ ਵਾਲੀ ਥਾਂ 'ਤੇ ਸਿਹਤ ਅਤੇ ਸੁਰੱਖਿਆ ਦੀਆਂ ਗਤੀਵਿਧੀਆਂ ਵਿੱਚ ਹਿੱਸਾ ਲੈਣ ਦਾ ਅਧਿਕਾਰ ਹੈ। ਖਤਰਿਆਂ ਨੂੰ ਘਟਾਉਣ ਲਈ ਵਰਕਰਾਂ ਨੂੰ ਲੋੜੀਂਦੀ ਸਿਖਲਾਈ, ਨਿਗਰਾਨੀ ਅਤੇ ਨਿੱਜੀ ਸੁਰੱਖਿਆ ਉਪਕਰਨ ਵੀ ਦਿੱਤੇ ਜਾਣੇ ਜ਼ਰੂਰੀ ਹਨ।

ਮਾਂਗਟ ਕਹਿੰਦੇ ਹਨ, "ਜੇਕਰ ਤੁਹਾਨੂੰ ਲੱਗਦਾ ਹੈ ਕਿ ਕੋਈ ਕੰਮ ਅਸੁਰੱਖਿਅਤ ਹੈ, ਤਾਂ ਕੰਮ ਕਰਨਾ ਬੰਦ ਕਰ ਦਿਓ ਆਪਣੇ ਸੁਪਰਵਾਈਜ਼ਰ ਜਾਂ ਕੰਮ-ਮਾਲਕ ਨੂੰ ਇਸ ਦੀ ਰਿਪੋਰਟ ਕਰੋ, ਤਾਂ ਕਿ ਉਹ ਖ਼ਤਰੇ ਨੂੰ ਹੱਲ ਕਰ ਸਕਣ," "ਜੇਕਰ ਮੁੱਦਾ ਹੱਲ ਨਹੀਂ ਹੁੰਦਾ, ਤਾਂ ਤੁਹਾਨੂੰ ਅਤੇ ਤੁਹਾਡੇ ਕੰਮ-ਮਾਲਕ ਨੂੰ ਵਰਕਸੇਫਬੀਸੀ ਦੀ ਪ੍ਰੀਵੈਂਸ਼ਨ ਇਨਫਰਮੇਸ਼ਨ ਲਾਈਨ (ਰੋਕਥਾਮ ਜਾਣਕਾਰੀ ਲਾਈਨ) 'ਤੇ ਆਪਣੀ ਭਾਸ਼ਾ ਵਿੱਚ ਸਹਾਇਤਾ ਲੈਣ ਲਈ ਸੰਪਰਕ ਕਰਨਾ ਚਾਹੀਦਾ ਹੈ- ਜੇ ਗੁਪਤ ਰਹਿਣ ਨੂੰ ਤਰਜੀਹ ਦਿੰਦੇ ਹੋ ਤਾਂ ਉਸ ਤਰ੍ਹਾਂ ਸੰਪਰਕ ਕਰ ਸਕਦੇ ਹੋ।"

### ਕੰਮ-ਮਾਲਕ ਦੀਆਂ ਜ਼ਿੰਮੇਵਾਰੀਆਂ

ਕੰਮ-ਮਾਲਕ ਇਹ ਯਕੀਨੀ ਬਣਾਉਣ ਲਈ ਕਿ ਕਾਮੇ ਸੰਭਾਵੀ ਖਤਰਿਆਂ ਨੂੰ ਸਮਝਦੇ ਹਨ, ਸਹੀ ਸੇਧਾਂ, ਸਿਖਲਾਈ ਅਤੇ ਨਿਗਰਾਨੀ ਪ੍ਰਦਾਨ ਕਰਨ ਲਈ ਜ਼ਿੰਮੇਵਾਰ ਹਨ। ਜਦੋਂ ਵਰਕਰ ਸੁਰੱਖਿਆ ਬਾਰੇ ਚਿੰਤਾਵਾਂ ਦੀ ਰਿਪੋਰਟ ਕਰਦੇ ਹਨ ਤਾਂ ਕੰਮ-ਮਾਲਕਾਂ ਲਈ ਜਾਂਚ ਕਰਨੀ ਵੀ ਜ਼ਰੂਰੀ ਹੈ ਅਤੇ ਤੁਰੰਤ ਸੁਧਾਰ ਕਰਨ ਵਾਲੀ ਕਾਰਵਾਈ ਕਰਨੀ ਵੀ ਜ਼ਰੂਰੀ ਹੈ।

ਕੰਮ-ਮਾਲਕਾਂ ਲਈ ਇਹ ਵੀ ਯਕੀਨੀ ਬਣਾਉਣਾ ਜ਼ਰੂਰੀ ਹੈ ਕਿ ਵਰਕਰ ਇਹ ਸਮਝਣ ਕਿ ਕੰਮ ਵਾਲੀ ਥਾਂ 'ਤੇ ਸੱਟਾਂ ਅਤੇ ਬਿਮਾਰੀਆਂ ਦੀ ਰਿਪੋਰਟ ਕਿਵੇਂ ਕਰਨੀ ਹੈ, ਅਤੇ ਉਹਨਾਂ ਨੂੰ ਵਰਕਸੇਫਬੀਸੀ ਦੇ ਰੋਕਥਾਮ ਅਫਸਰਾਂ, ਸਾਂਝੀਆਂ ਸਿਹਤ ਅਤੇ ਸੁਰੱਖਿਆ ਕਮੇਟੀਆਂ (ਜੁਆਇੰਟ ਹੈਲਥ ਐਂਡ ਸੇਫਟੀ ਕਮੇਟੀਜ਼), ਅਤੇ ਵਰਕਰ ਸੁਰੱਖਿਆ ਪ੍ਰਤੀਨਿਧੀਆਂ ਨਾਲ ਸਹਿਯੋਗ ਕਰਨਾ ਜ਼ਰੂਰੀ ਹੈ।

ਕਾਨੂੰਨ ਅਨੁਸਾਰ, ਕੰਮ-ਮਾਲਕਾਂ ਨੂੰ ਸਿਹਤ ਅਤੇ ਸੁਰੱਖਿਆ ਦਾ ਮੁੱਦਾ ਉਠਾਉਣ ਕਰਕੇ ਵਰਕਰਾਂ ਨੂੰ ਸਜ਼ਾ ਦੇਣ ਦੀ ਮਨਾਹੀ ਹੈ।

### ਕੰਮ ਵਾਲੀ ਥਾਂ 'ਤੇ ਸੱਟਾਂ ਲਈ ਵਰਕਸੇਫਬੀਸੀ ਦੀ ਕਵਰੇਜ

ਕੰਮ 'ਤੇ ਜ਼ਖਮੀ ਹੋਣ ਵਾਲੇ ਵਰਕਰਾਂ ਨੂੰ ਤੁਰੰਤ ਡਾਕਟਰੀ ਇਲਾਜ ਕਰਵਾਉਣਾ ਜ਼ਰੂਰੀ ਹੈ ਅਤੇ ਆਪਣੇ ਸਿਹਤ ਸੰਭਾਲ ਦੀਆਂ ਸੇਵਾਵਾਂ ਦੇਣ ਵਾਲੇ ਨੂੰ ਕੰਮ 'ਤੇ ਲੱਗੀ ਸੱਟ ਬਾਰੇ ਦੱਸਣਾ ਜ਼ਰੂਰੀ ਹੈ। ਬੀ.ਸੀ. ਵਿੱਚ ਸਾਰੇ ਵਰਕਰ, ਭਾਵੇਂ ਉਨ੍ਹਾਂ ਦੀ ਇਮੀਗ੍ਰੇਸ਼ਨ ਸਥਿਤੀ (ਸਟੇਟਸ) ਜਾਂ ਰੁਜ਼ਗਾਰ ਦੀ ਕਿਸਮ ਕੋਈ ਵੀ

ਹੋਵੇ,ਉਹ ਵਰਕਸੇਫਬੀਸੀ ਇਨਸ਼ੋਰੈਂਸ ਦੁਆਰਾ ਕਵਰ ਕੀਤੇ ਜਾਂਦੇ ਹਨ। ਇਹ ਕਵਰੇਜ ਮੁਆਵਜ਼ਾ (ਕੰਪਨਸੇਸ਼ਨ) ਅਤੇ ਸਿਹਤਯਾਬੀ (ਰਿਕਵਰੀ) ਲਈ ਸਹਾਇਤਾ ਪ੍ਰਦਾਨ ਕਰਦੀ ਹੈ। ਕੰਮ-ਮਾਲਕ ਵਰਕਰਾਂ ਨੂੰ ਕਲੇਮ ਦਾਇਰ ਕਰਨ ਤੋਂ ਨਹੀਂ ਰੋਕ ਸਕਦਾ।

**ਦੁਭਾਸ਼ੀਆ ਸੇਵਾਵਾਂ**
ਜਦੋਂ ਕੋਈ ਜ਼ਖਮੀ ਵਰਕਰ ਚੰਗੀ ਤਰ੍ਹਾਂ ਅੰਗਰੇਜ਼ੀ ਨਾ ਬੋਲ ਸਕਦਾ ਹੋਵੇ ਜਾਂ ਉਹ ਕਲੇਮਾਂ ਦੀ ਕਾਰਵਾਈ ਕਰਨ ਜਾਂ ਸਿਹਤ ਸੰਭਾਲ ਦੀ ਸੇਵਾ ਲੈਣ ਬਾਰੇ ਨਾ ਸਮਝ ਸਕਦਾ ਹੋਵੇ, ਤਾਂ ਵਰਕਸੇਫਬੀਸੀ ਦੁਭਾਸ਼ੀਏ ਦੀਆਂ ਸੇਵਾਵਾਂ ਪ੍ਰਦਾਨ ਕਰ ਸਕਦਾ ਹੈ। ਸੈਸ਼ਨ ਮਿਲ ਕੇ, ਫ਼ੋਨ ਦੁਆਰਾ ਜਾਂ ਵੀਡੀਓ ਦੁਆਰਾ ਹੋ ਸਕਦੇ ਹਨ।

**ਵਸੀਲੇ**
ਕੰਮ ਵਾਲੀ ਥਾਂ 'ਤੇ ਸਿਹਤ ਅਤੇ ਸੁਰੱਖਿਆ ਸੰਬੰਧੀ ਸਵਾਲ ਪੁੱਛਣ ਵਾਲੇ ਕਾਮੇ ਅਤੇ ਕੰਮ-ਮਾਲਕ ਵਸੀਲਿਆਂ ਲਈ worksafebc.com 'ਤੇ ਜਾ ਸਕਦੇ ਹਨ ਜਾਂ ਵਰਕਸੇਫਬੀਸੀ ਦੀ ਰੋਕਥਾਮ ਜਾਣਕਾਰੀ ਲਾਈਨ 1.888.621.7233 'ਤੇ ਗੁਪਤ ਤੌਰ 'ਤੇ ਫੋਨ ਕਰ ਸਕਦੇ ਹਨ। ਅੰਗਰੇਜ਼ੀ ਨਾ ਬੋਲਣ ਵਾਲਿਆਂ ਨੂੰ ਅਨੁਵਾਦਕ ਨਾਲ ਜੋੜਿਆ ਜਾਵੇਗਾ।

ਅਪ੍ਰੈਲ ਵਿੱਚ, ਵਰਕਸੇਫਬੀਸੀ ਨਵੇਂ ਆਉਣ ਵਾਲਿਆਂ ਨੂੰ ਨਿਸ਼ਾਨਾ ਮਿੱਥ ਕੇ ਇੱਕ ਮੁਹਿੰਮ ਸ਼ੁਰੂ ਕਰ ਰਿਹਾ ਹੈ ਤਾਂ ਕਿ ਵਰਕਰਾਂ ਅਤੇ ਕੰਮ-ਮਾਲਕਾਂ ਨੂੰ ਉਨ੍ਹਾਂ ਦੇ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਪ੍ਰਤੀ ਜਾਗਰੂਕ ਕੀਤਾ ਜਾ ਸਕੇ। ਮੁਹਿੰਮ ਦੇ ਨਾਲ-ਨਾਲ, ਵਰਕਸੇਫਬੀਸੀ ਔਨਲਾਈਨ ਵਸੀਲੇ ਵੀ ਸਾਂਝੇ ਕਰੇਗਾ।

ਹੇਠ ਲਿਖੇ ਵਸੀਲੇ ਕਈ ਭਾਸ਼ਾਵਾਂ ਵਿੱਚ ਉਪਲਬਧ ਹਨ:

- ਸੁਰੱਖਿਅਤ ਸ਼ੁਰੂਆਤ ਕਰੋ, ਸੁਰੱਖਿਅਤ ਰਹੋ — ਪਹਿਲੇ ਦਿਨ ਤੋਂ - ਵਰਕਸੇਫਬੀਸੀ
- ਨੌਕਰੀ ਮਿਲ ਰਹੀ ਹੈ? ਸੁਰੱਖਿਆ ਬਾਰੇ ਸਵਾਲ ਪੁੱਛੋ

-30-

**ਵਰਕਸੇਫ਼ਬੀਸੀ ਬਾਰੇ**
*ਵਰਕਸੇਫਬੀਸੀ ਬੀ.ਸੀ. ਵਿੱਚ ਸੱਟ, ਬਿਮਾਰੀ, ਅਤੇ ਅਪੰਗਤਾ ਨੂੰ ਰੋਕਣ ਲਈ ਵਰਕਰਾਂ ਅਤੇ ਕੰਮ-ਮਾਲਕਾਂ ਨੂੰ ਸ਼ਾਮਲ ਕਰਦਾ ਹੈ। ਜਦੋਂ ਕੰਮ ਨਾਲ ਸਬੰਧਿਤ ਸੱਟਾਂ ਲੱਗਦੀਆਂ ਹਨ ਜਾਂ ਬਿਮਾਰੀਆਂ ਹੁੰਦੀਆਂ ਹਨ, ਤਾਂ ਵਰਕਸੇਫ਼ਬੀਸੀ ਲੋਕਾਂ ਨੂੰ ਉਹਨਾਂ ਦੀ ਸਿਹਤਯਾਬੀ (ਰਿਕਵਰੀ), ਮੁੜ-ਬਹਾਲੀ (ਰੀਹੈਬਲੀਟੇਸ਼ਨ) ਅਤੇ ਕੰਮ' ਤੇ ਸੁਰੱਖਿਅਤ ਵਾਪਸੀ ਦੌਰਾਨ ਮੁਆਵਜ਼ਾ ਅਤੇ ਸਹਾਇਤਾ ਦਿੰਦਾ ਹੈ। ਅਸੀਂ ਪੂਰੇ ਬੀ.ਸੀ. ਵਿੱਚ 2.7 ਮਿਲੀਅਨ ਕਾਮਿਆਂ ਅਤੇ 280,000 ਕੰਮ-ਮਾਲਕਾਂ ਦੀ ਸੇਵਾ ਕਰਦੇ ਹਾਂ।*

**ਹੋਰ ਜਾਣਕਾਰੀ ਲਈ, ਸੰਪਰਕ ਕਰੋ:**
ਮੀਡੀਆ ਰੀਲੇਸ਼ਨਜ਼ ਵਰਕਸੇਫ਼ਬੀਸੀ
ਈਮੇਲ: media@worksafebc.com
ਟੈਲੀਫ਼ੋਨ: 604-276-5157